Sl. No. of Q.P. : 7597 E-I

Unique Paper Code : B-169
Name of Paper : Punjabi Language-B Paper-II (Intermediate Punjabi)
Name of Course : B.A. (Prog) II/III
Semester : Annual

TIME : 3 Hours Maximum Marks : 100

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਕਿਸੇ ਸਕੂਲ ਦੇ ਪ੍ਰਿੰਸੀਪਲ ਨੂੰ ਪੰਜਾਬੀ ਅਧਿਆਪਕ ਦੀ ਨੌਕਰੀ ਲਈ ਬਿਨੈ ਪੱਤਰ ਲਿਖੋ। ਇਸ ਵਿਚ ਯੋਗਤਾ ਤੇ ਅਨੁਭਵ ਦਾ ਵੇਰਵਾ ਦਿਉ। 15

ਜਾਂ

ਮੁਹੱਲੇ ਵਿਚ ਵੱਧ ਰਹੀ ਗੁੰਡਾਗਰਦੀ ਨੂੰ ਰੋਕਣ ਲਈ 'ਪੁਲਿਸ ਕਮਿਸ਼ਨਰ' ਨੂੰ ਸ਼ਿਕਾਇਤ ਕਰੋ।

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਉੱਪਰ ਅਖ਼ਬਾਰੀ ਇਸ਼ਤਿਹਾਰ ਤਿਆਰ ਕਰੋ। 10
   - ੳ) ਵਾਹਨ ਦੀ ਵਿਕਰੀ
   - ਅ) ਖ਼ੂਨਦਾਨ ਕੈਂਪ
   - ੲ) ਵਰ ਦੀ ਲੋੜ

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਪੈਰ੍ਹਾ ਲਿਖੋ। 10
   - ੳ) ਮੋਬਾਇਲ ਫ਼ੋਨ ਦਾ ਵੱਧ ਰਿਹਾ ਜਨੂੰਨ।
   - ਅ) ਨਾਨਕ ਦੁਖੀਆ ਸਭ ਸੰਸਾਰ
   - ੲ) ਬਦਲ ਰਹੀ ਜੀਵਨ ਸ਼ੈਲੀ

4. 'ਨਾਰੀ ਸ਼ਕਤੀ' ਵਿਸ਼ੇ 'ਤੇ ਕਾਲਜ ਵਿਚ ਹੋ ਰਹੀ ਵਾਦ-ਵਿਵਾਦ ਪ੍ਰਤੀਯੋਗਤਾ ਉਪਰ ਨੋਟਿਸ ਤਿਆਰ ਕਰੋ। 10

ਜਾਂ

ਕਿਸੇ ਨੇਤਾ ਦੇ ਭਾਸ਼ਣ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

5. ਆਪਣੀ ਮਨਪਸੰਦ ਦੀ ਕੋਈ ਦਾਲ-ਸਬਜ਼ੀ ਬਣਾਉਣ ਦੀ ਵਿਧੀ ਲਿਖੋ। 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

   ੳ) ਪੜਨਾਉਂ ਕਿਸ ਨੂੰ ਕਹਿੰਦੇ ਹਨ ? ਇਸਦੀਆਂ ਕੋਈ ਦੋ ਕਿਸਮਾਂ ਬਾਰੇ ਦੱਸੋ। 10

   ਅ) ਹੇਠ ਲਿਖੇ ਮੁਹਾਵਰਿਆਂ ਵਿਚੋਂ ਕੋਈ ਪੰਜ ਮੁਹਾਵਰਿਆਂ ਦੇ ਅਰਥਕ ਲਿਖ ਕੇ ਵਾਕਾਂ ਵਿਚ ਵਰਤੋ: 10
   ਟਾਲਮਟੋਲ ਕਰਨਾ, ਹੱਥ ਪੈਰ ਮਾਰਨਾ, ਕੰਨ ਭਰਨਾ, ਕੁਫ਼ਰ ਤੋਲਣਾ।

   ੲ) ਹੇਠ ਲਿਖੇ ਸ਼ਬਦਾਂ ਨੂੰ ਸ਼ਬਦ ਕੋਸ਼ ਅਨੁਸਾਰ ਕ੍ਰਮਵਾਰ ਲਿਖੋ : 10
   ਮੰਗਤਾ, ਵਿਦਿਆ, ਇਸਤ੍ਰੀ, ਕਿਤਾਬ, ਆਦਮੀ, ਵਿਆਕਰਨ, ਕੁਦਰਤ, ਮੁੰਡਾ, ਸਮਾਜਕ, ਕੀਮਤ

7. ਹੇਠ ਲਿਖੇ ਪੈਰ੍ਹੇ ਦਾ ਸਾਰੰਸ਼ ਲਿਖੋ ਅਤੇ ਇਸਦਾ ਢੁਕਵਾਂ ਸਿਰਲੇਖ ਵੀ ਦਿਓ : 15

ਭਾਰਤ ਇਕ ਵਿਸ਼ਾਲ ਦੇਸ ਹੈ। ਸਭਿਆਚਾਰਕ ਤੌਰ 'ਤੇ ਭਾਵੇਂ ਸਾਡਾ ਦੇਸ਼ ਇਕਮੁੱਠ ਹੈ, ਪਰ ਹਾਲੀਂ ਅਸੀਂ ਉਹ ਬੰਧਨ ਪੱਕੇ ਕਰਨੇ ਹਨ ਜੋ ਇਸ ਨੂੰ ਇਕ ਸ਼ਕਤੀਸ਼ਾਲੀ ਅਤੇ ਉੱਨਤ ਰਾਸ਼ਟਰ ਬਣਾ ਸਕਣਗੇ। ਸਾਡੇ ਦੇਸ਼ ਵਿਚ ਅਨੇਕ ਭਾਸ਼ਾਵਾਂ ਹਨ। ਏਨੀਆਂ ਭਾਸ਼ਾਵਾਂ ਸ਼ਾਇਦ ਦੁਨੀਆ ਦੇ ਕਿਸੇ ਹੋਰ ਦੇਸ਼ ਵਿਚ ਨਹੀਂ ਹਨ ਪਰ, ਮੰਦੇ ਭਾਗਾਂ ਨੂੰ ਅਸੀਂ ਆਪਣੀ ਗੁਆਂਢੀ ਭਾਸ਼ਾ ਅਥਵਾ ਭਾਸ਼ਾਵਾਂ ਵਿਚ ਬਹੁਤ ਘੱਟ ਦਿਲਚਸਪੀ ਲੈਂਦੇ ਹਾਂ। ਇਸ ਲਈ ਸਾਨੂੰ ਉਨ੍ਹਾਂ ਦੇ ਅਨਮੋਲ ਭੰਡਾਰਾਂ ਦਾ ਗਿਆਨ ਨਹੀਂ ਹੁੰਦਾ। ਇਸ ਦੇ ਮੁਕਾਬਲੇ ਅਸੀਂ ਅੰਗਰੇਜ਼ੀ, ਫਰਾਂਸੀਸੀ ਅਤੇ ਜਰਮਨ ਆਦਿ ਭਾਸ਼ਾਵਾਂ ਦੇ ਸਾਹਿਤ ਅਤੇ ਯੂਰਪੀਨ ਸਭਿਆਚਾਰਾਂ ਤੋਂ ਵਧੇਰੇ ਚੰਗੀ ਤਰ੍ਹਾਂ ਜਾਣੂ ਹਾਂ। ਦੇਸ਼ ਦੇ ਭਾਵੁਕ ਅਤੇ ਸਭਿਆਚਾਰਕ ਸੰਗਠਨ ਲਈ ਬੜਾ ਜ਼ਰੂਰੀ ਹੈ ਕਿ ਦੇਸ਼ ਦੇ ਨਾਗਰਿਕ ਦੂਜੀਆ ਭਾਸ਼ਾਵਾਂ ਦੀਆਂ ਉੱਤਮ ਰਚਨਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਅਤੇ ਇਸ ਤਰ੍ਹਾਂ ਉਹ ਇਨ੍ਹਾਂ ਭਾਸ਼ਾਵਾਂ ਨਾਲ ਸੰਬੰਧਤ ਦੇਸ਼ ਵਾਸੀਆਂ ਦੇ ਜੀਵਨ ਢੰਗ ਅਤੇ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਗਿਆਨ ਹਾਸਲ ਕਰ ਸਕਣ।